(4)

REGULARIZATION OF 56 WORK CHARGE EMPLOYEES & 321 DAILY WAGE EMPLOYEES AS PER PUNJAB GOVT. APPROVAL VIDE LETTER NO. 1/2/2012-ਟੇਐਸ5/365 DATED 12.03.2013

Pages 01 to 03

U.O. No. ... 199
Dated 12/3/13

ਪੰਜਾਬ ਸਰਕਾਰ
ਉਦਯੋਗ ਤੇ ਵਣਜ ਵਿਭਾਗ
(ਉਦਯੋਗ ਸ਼ਾਖਾ)

## ਹੁਕਮ

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮ: ਦੇ 56 ਵਰਕਚਾਰਜ ਅਤੇ 321 ਡੇਲੀਵੇਜ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਦੀ ਪ੍ਰਵਾਨਗੀ ਹੇਠ ਲਿਖੀਆਂ ਸ਼ਰਤਾਂ ਤੇ ਦਿੰਦੇ ਹਨ:-

1) ਮੈਨੇਜਿੰਗ ਡਾਇਰੈਕਟਰ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਇਹ ਯਕੀਨੀ ਬਣਾਉਣਗੇ ਕਿ ਇਹਨਾਂ ਕਰਮਚਾਰੀਆਂ ਨੇ ਦਸੰਬਰ, 2006 ਵਿਚ 10 ਸਾਲ ਦੀ ਸੇਵਾ ਪੂਰੀ ਕਰ ਲਈ ਹੈ।
2) ਮੈਨੇਜਿੰਗ ਡਾਇਰੈਕਟਰ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮ: ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਜਿਹਨਾਂ ਅਸਾਮੀਆਂ ਵਿਰੁੱਧ ਇਹ ਕਰਮਚਾਰੀ ਨਿਯੁਕਤ ਕੀਤੇ ਜਾ ਰਹੇ ਹਨ, ਨਿਗਮ ਦੇ ਨਿਯਮਾਂ/ਹਦਾਇਤਾਂ ਅਨੁਸਾਰ ਉਸ ਅਸਾਮੀ ਦੀ ਵਿਦਿਅਕ ਯੋਗਤਾ ਅਤੇ ਪਾਤਰਤਾ ਪੂਰੀ ਕਰਦੇ ਹਨ।
3) ਇਹਨਾਂ ਕਰਮਚਾਰੀਆਂ ਦੀ ਰੈਗੂਲਰ ਨਿਯੁਕਤੀ, ਨਿਯੁਕਤੀ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ। ਇਹਨਾਂ ਕਰਮਚਾਰੀਆਂ ਨੂੰ ਪਿਛਲੀ ਸੇਵਾ ਦਾ ਕੋਈ ਲਾਭ (notional or otherwise) ਨਹੀਂ ਦਿੱਤਾ ਜਾਵੇਗਾ। ਪ੍ਰੰਤੂ ਜੇਕਰ ਨਿਗਮ ਵਿਚ ਉਸੇ ਕਾਡਰ ਦੇ ਕਰਮਚਾਰੀ ਜਿੰਨੀ ਜਲਦੀ ਜਾਂ ਉਸੇ ਮਿਤੀ ਨੂੰ ਪਰਾਪਰ ਕਾਰਵਾਈਆਂ ਅਪਣਾਉਂਦੇ ਹੋਏ ਨਿਯੁਕਤ ਹੋਏ ਹਨ ਤਾਂ ਉਨਾਂ ਹਾਲਾਤਾਂ ਵਿਚ ਇਸ ਪਾਲਿਸੀ ਅਧੀਨ ਰੈਗੂਲਰ ਕੀਤੇ ਜਾਣ ਵਾਲੇ ਕਰਮਚਾਰੀ ਸੀਨੀਆਰਤਾ ਵਿਚ ਉਨ੍ਹਾਂ ਤੋਂ ਹੇਠਾਂ ਰੱਖੇ ਜਾਣਗੇ।
4) ਇਹਨਾਂ ਕਰਮਚਾਰੀਆਂ ਨੂੰ ਰੈਗੂਲਰ ਨਿਯੁਕਤੀ ਸਮੇਂ ਸਬੰਧਤ ਕਾਡਰ ਦਾ ਮੁੱਢਲਾ ਸਕੇਲ ਦਿੱਤਾ ਜਾਵੇਗਾ।
5) ਮੈਨੇਜਿੰਗ ਡਾਇਰੈਕਟਰ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮ: ਵੱਲੋਂ ਰਿਜ਼ਰਵੇਸ਼ਨ ਪਾਲਿਸੀ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇਗੀ।
6) ਇਹਨਾਂ ਕਰਮਚਾਰੀਆਂ ਤੇ ਵਿੱਤ ਵਿਭਾਗ (ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ) ਦੇ ਪੱਤਰ ਨੰ: 5/44/2012-5ਵਿਪਪਤ/758, ਮਿਤੀ 9.7.2002 ਅਨੁਸਾਰ ਨਵੀਂ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਹੋਵੇਗੀ।
7) ਮੈਨੇਜਿੰਗ ਡਾਇਰੈਕਟਰ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮ: ਵੱਲੋਂ ਉਮਾ ਦੇਵੀ ਦੇ ਕੇਸ ਵਿਚ ਮਾਨਯੋਗ ਸੁਪਰੀਮ ਕੋਰਟ ਦੇ ਦਿੱਤੇ ਗਏ ਫੈਸਲੇ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇਗੀ।
8) ਮੈਨੇਜਿੰਗ ਡਾਇਰੈਕਟਰ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮ: ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਇਹਨਾਂ ਕਰਮਚਾਰੀਆਂ ਦਾ ਚਰਿੱਤਰ ਅਤੇ ਕੰਡਕਟ ਤਸੱਲੀਬਖਸ਼ ਹੈ।
9) ਮੈਨੇਜਿੰਗ ਡਾਇਰੈਕਟਰ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮ: ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਜੇਕਰ ਇਹਨਾਂ ਕਰਮਚਾਰੀਆਂ ਦੀ ਪਿੱਛਲੀ ਨਿਯੁਕਤੀ ਸਮੇਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੈਡੀਕਲ ਫਿਟਨੈਸ ਸਰਟੀਫਿਕੇਟ, ਜਨਮ ਮਿਤੀ ਦਾ ਪ੍ਰਮਾਣ ਆਦਿ ਸਬੰਧੀ ਦਸਤਾਵੇਜ਼ ਨਹੀਂ ਲਏ ਗਏ ਤਾਂ ਉਹ ਹੁਣ ਲਏ ਜਾਣ।
10) ਮੈਨੇਜਿੰਗ ਡਾਇਰੈਕਟਰ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮ: ਵੱਲੋਂ ਨਿਯਮਤ ਨਿਯੁਕਤੀ ਕਰਨ ਸਮੇਂ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਜੇਕਰ ਕਰਮਚਾਰੀ ਦੇ ਆਚਰਣ ਸਬੰਧੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੁਲਿਸ ਤੋਂ ਪਿੱਛਲੀ ਨਿਯੁਕਤੀ ਵੇਲੇ ਸਮੇਂ ਵੈਰੀਫਿਕੇਸ਼ਨ ਨਹੀਂ ਕਰਵਾਈ ਗਈ ਤਾਂ ਉਹ ਕਰਵਾਈ ਜਾਵੇ।
11) ਇਹਨਾਂ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਉਪਰੰਤ ਆਉਣ ਵਾਲੇ ਵਿੱਤੀ ਬੋਝ ਦੀ ਭਰਪਾਈ ਖੁਦ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਨੂੰ ਪੰਜਾਬ ਸਰਕਾਰ ਵੱਲੋਂ

ਭਵਿੱਖ ਵਿਚ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਵੱਲੋਂ ਇਸ ਮੰਤਵ ਲਈ ਸਿੱਧੇ ਜਾਂ ਅਸਿੱਧੇ ਤੌਰ ਤੇ ਵਿੱਤੀ ਮੰਗ ਕੀਤੀ ਜਾਵੇਗੀ।

12) ਇਹਨਾਂ ਕਰਮਚਾਰੀਆਂ ਦੀ ਰੈਗੂਲਰ ਨਿਯੁਕਤੀ " as a one time measure" ਕੀਤੀ ਜਾਵੇ। ਇਹਨਾ ਕਰਮਚਾਰੀਆਂ ਦੀ ਨਿਯਮਤ ਨਿਯੁਕਤੀ ਕਰਨ ਦੀ ਕਾਰਵਾਈ ਪੱਤਰ ਜਾਰੀ ਹੋਣ ਤੋਂ 6 ਮਹੀਨੇ ਦੇ ਅੰਦਰ-ਅੰਦਰ ਨਿਪਟਾਈ ਜਾਵੇ। ਕਿਸੇ ਵੀ ਸੂਰਤ ਵਿਚ ਇਸ ਵਿਚ ਢਿੱਲ ਨਹੀਂ ਦਿੱਤੀ ਜਾਵੇਗੀ।

13) ਮੈਨੇਜਿੰਗ ਡਾਇਰੈਕਟਰ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਵੱਲੋਂ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਭਵਿੱਖ ਵਿਚ ਅਜਿਹੀਆਂ ਗੈਰ-ਕਾਨੂੰਨੀ/ਅਨਿਯਮਤ ਨਿਯੁਕਤੀਆਂ ਕਿਸੇ ਵੀ ਹਾਲਤ ਵਿਚ ਨਾ ਕੀਤੀਆਂ ਜਾਣ। ਜੇਕਰ ਅਜਿਹੀ ਕੋਈ ਨਿਯੁਕਤੀ ਭਵਿੱਖ ਵਿਚ ਸਰਕਾਰ ਦੇ ਧਿਆਨ ਵਿਚ ਆਉਂਦੀ ਹੈ ਤਾਂ ਸਬੰਧਤ ਅਫਸਰ (ਡੀਲਿੰਗ ਕਰਮਚਾਰੀ ਤੋਂ ਨਿਯੁਕਤੀ ਅਧਿਕਾਰੀ ਤੱਕ) ਦੇ ਖਿਲਾਫ ਅਨੁਸ਼ਾਸਨੀ ਕਾਰਵਾਈ, ਤੋਂ ਇਲਾਵਾ ਉਸਦੀ ਤਨਖਾਹ ਨਿਯੁਕਤੀਕਰਤਾ ਨੂੰ ਆਪਣੀ ਜੇਬ ਵਿਚੋਂ ਦੇਣੀ ਪਵੇਗੀ।

14) ਮੈਨੇਜਿੰਗ ਡਾਇਰੈਕਟਰ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਵੱਲੋਂ ਯਕੀਨੀ ਬਣਾਇਆ ਜਾਵੇਗਾ ਕਿ ਜੇਕਰ ਇਹਨਾਂ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਸਮੇਂ ਕਿਸੇ ਕਰਮਚਾਰੀ ਦੀ ਵੱਧ-ਵਧਾਊ ਉਮਰ ਕਾਰਨ ਸੇਵਾ ਨਵਿਰਤੀ ਦੀ ਮਿਤੀ ਆ ਜਾਂਦੀ ਹੈ ਤਾਂ ਉਸ ਦੀਆਂ ਸੇਵਾਵਾਂ ਨਿਯਮਤ ਕਰਨ ਲਈ ਵਿਚਾਰ ਨਾ ਕੀਤਾ ਜਾਵੇ।

2. ਇਹ ਪ੍ਰਵਾਨਗੀ ਵਿੱਤ ਵਿਭਾਗ (ਵਿੱਤ ਪ੍ਰਬੰਧ-5 ਸ਼ਾਖਾ) ਦੇ ਪੱਤਰ ਨੰ: ਅੰ:ਵਿ:ਪੰ:ਨੰ: 2/5/2012-3ਵਿਪ5/130, ਮਿਤੀ 26.2.2013 ਦੇ ਸਨਮੁੱਖ ਜਾਰੀ ਕੀਤੀ ਜਾ ਰਹੀ ਹੈ।

3. ਉਪਰੋਕਤ ਦੇ ਸਬੰਧ ਵਿਚ ਹੇਠ ਲਿਖੇ 7 ਵਰਕਚਾਰਜ ਕਰਮਚਾਰੀਆਂ ਦੀ ਵੱਧ-ਵਧਾਊ ਸੇਵਾ ਨਵਿਰਤੀ ਹੋਣ ਕਾਰਨ ਇਹਨਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਵਿਚਾਰ ਨਾ ਕੀਤਾ ਜਾਵੇ:-

| ਲੜੀ ਨੰ: | ਕਰਮਚਾਰੀ ਦਾ ਨਾਂ ਤੇ ਪਿਤਾ ਦਾ ਨਾਂ | ਜਨਮ ਮਿਤੀ | ਲਿਸਟ ਵਿਚ ਦਰਜ ਕੀਤੀ ਗਈ ਥਾਂ |
|---|---|---|---|
| 1. | ਸ੍ਰੀ ਜਸਪਾਲ ਸਿੰਘ ਪੁੱਤਰ ਸ੍ਰੀ ਬਚਨ ਸਿੰਘ | 10.3.1954 | ਵਰਕ ਇੰਸਪੈਕਟਰ ਦੀ ਲੜੀ ਨੰ:2 ਤੇ |
| 2. | ਸ੍ਰੀ ਦਲਬੀਰ ਸਿੰਘ ਪੁੱਤਰ ਸ੍ਰੀ ਚਰਨ ਸਿੰਘ | 1.6.1954 | ਕਲਰਕ ਮੁਨਸ਼ੀ ਦੀ ਲੜੀ ਨੰ:3 ਤੇ |
| 3. | ਸ੍ਰੀ ਹਰਜੀਤ ਸਿੰਘ ਪੁੱਤਰ ਸ੍ਰੀ [illegible] | 21.9.1954 | ਰੋਡ ਰੋਲਰ ਡਰਾਈਵਰ ਦੀ ਲੜੀ ਨੰ: 1 ਤੇ |
| 4. | ਸ੍ਰੀ ਪੂਰਨ ਚੰਦ ਪੁੱਤਰ ਸ੍ਰੀ ਅੰਗਤ ਪਾਲ | 22.7.1954 | ਮਿਕਸਮੈਨ ਦੀ ਲੜੀ ਨੰ: 3 ਤੇ |
| 5. | ਸ੍ਰੀ ਰਾਮ ਰਤਨ ਪੁੱਤਰ ਸ੍ਰੀ ਸ੍ਰੀ ਚੰਦ | 1.3.1953 | ਇਲੈਕਟ੍ਰੀਸ਼ਨ ਹੈਲਪਰ ਦੀ ਲੜੀ ਨੰ: 1 ਤੇ |
| 6. | ਸ੍ਰੀ ਸੁਰਿੰਦਰ ਸਿੰਘ ਪੁੱਤਰ ਸ੍ਰੀ ਜੰਗਾ ਸਿੰਘ | 15.10.1953 | ਇਲੈਕਟ੍ਰੀਸ਼ਨ ਹੈਲਪਰ ਦੀ ਲੜੀ ਨੰ: 2 ਤੇ |
| 7. | ਸ੍ਰੀ [illegible] ਰਾਜ ਪੁੱਤਰ ਸ੍ਰੀ ਰਾਮ ਸਰਨ | 3.11.1953 | ਚੌਕੀਦਾਰ ਲੜੀ ਨੰ: 1 ਤੇ |

ਅਤੇ

ਹੇਠ ਲਿਖੇ 9 (4+5) ਡੇਲੀਵੇਜ਼ ਕਰਮਚਾਰੀਆਂ ਦੀ ਵੱਧ-ਵਧਾਊ ਸੇਵਾ ਨਵਿਰਤੀ ਹੋਣ ਕਾਰਨ ਇਹਨਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਵੀ ਵਿਚਾਰ ਨਾ ਕੀਤਾ ਜਾਵੇ:-

| ਲੜੀ ਨੰ: | ਕਰਮਚਾਰੀ ਦਾ ਨਾਂ ਤੇ ਪਿਤਾ ਦਾ ਨਾਂ | ਜਨਮ ਮਿਤੀ | ਲਿਸਟ ਵਿਚ ਦਰਜ ਕੀਤੀ ਗਈ ਥਾਂ |
|---|---|---|---|
| 1. | ਪੂਰਨ ਸਿੰਘ ਪੁੱਤਰ ਸ੍ਰੀ ਰੌਣਕ ਸਿੰਘ | 15.8.1954 | ਮੋਟਰ ਮੇਟ ਦੀ ਲੜੀ ਨੰ: 1 ਤੇ |
| 2. | ਵਿਨੋਦ ਕੁਮਾਰ ਪੁੱਤਰ ਸ੍ਰੀ ਦੁਰਗਾ ਕਿਸ਼ੋਰ | 1.6.1954 | ਪੰਪ ਅਟੈਂਡੈਂਟ ਦੀ ਲੜੀ ਨੰ: 1ਤੇ |
| 3. | ਅਮਰਜੀਤ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ | 4.4.1953 | ਸੀ. ਬੇਲਦਾਰ/ਬੇਲਦਾਰ ਦੀ ਲੜੀ ਨੰ: 33 ਤੇ |
| 4. | ਅਮਰੀਕ ਸਿੰਘ ਪੁੱਤਰ ਸ੍ਰੀ ਤੇਜਾ ਸਿੰਘ | 1.10.1952 | ਸੀ. ਬੇਲਦਾਰ/ਬੇਲਦਾਰ ਦੀ |

384

| | | | |
|---|---|---|---|
| | | | ਲੜੀ ਨੰ: 42 ਤੇ |
| 5. | ਬੀਰਾ ਸਿੰਘ ਪੁੱਤਰ ਸ੍ਰੀ ਸਿੰਗਾਰਾ ਸਿੰਘ | 5.10.1952 | ਸੀ. ਸੇਵਾਦਾਰ/ਸੇਵਾਦਾਰ ਦੀ ਲੜੀ ਨੰ: 64 ਤੇ |
| 6. | ਨਵਲ ਕਿਸ਼ੋਰ ਪੁੱਤਰ ਸ੍ਰੀ ਲਛਮੀ ਦਾਸ | 12.6.1954 | ਸੀ. ਸੇਵਾਦਾਰ/ਸੇਵਾਦਾਰ ਦੀ ਲੜੀ ਨੰ: 12 ਤੇ |
| 7. | ਅਮਰ ਨਾਥ ਪੁੱਤਰ ਸ੍ਰੀ ਸ਼ਿਵਕਰ ਦਾਸ | 2.10.1954 | ਮਾਲੀ ਲੜੀ ਨੰ: 36 ਤੇ |
| 8. | ਸੰਪਤ ਮੰਡੋਤੇ ਪੁੱਤਰ ਸ੍ਰੀ ਬਨਾਰਸੀ ਮੰਡੋਤੇ | 1.4.1954 | ਮਾਲੀ ਲੜੀ ਨੰ: 54 ਤੇ |
| 9. | ਬਹਾਦਰ ਸਿੰਘ ਪੁੱਤਰ ਸ੍ਰੀ ਅਮਰਜੀਤ ਸਿੰਘ | 13.2.1953 | ਮਾਲੀ ਲੜੀ ਨੰ: 6 ਤੇ |

4. ਇਹ ਹੁਕਮ ਤੁਰੰਤ ਲਾਗੂ ਹੋਣਗੇ।

KM

ਕਰਨ ਅਵਤਾਰ ਸਿੰਘ,
ਪ੍ਰਮੁੱਖ ਸਕੱਤਰ, ਉਦਯੋਗ ਤੇ ਕਾਮਰਸ

ਮਿਤੀ ਚੰਡੀਗੜ੍ਹ
11-3-2013.

ਮਿਤੀ: 12/3/13

ਪਿੱਠ ਅੰਕਣ ਨੰ: 1/2/2012-ਏ ਐਸ.5/365

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, (ਆਡਿਟ), ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ, (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
3. ਡਾਇਰੈਕਟੋਰੇਟ ਆਫ ਪਬਲਿਕ ਐਂਟਰਪ੍ਰਾਈਜਿਜ਼ ਐਂਡ ਡਿਸਇਨਵੈਸਟਮੈਂਟ, ਐਸ.ਸੀ.ਓ. ਨੰ: 53-55, ਸੈਕਟਰ-17-ਡੀ, ਚੰਡੀਗੜ੍ਹ।
4. ਜਿਲ੍ਹਾ ਖਜਾਨਾ ਦਫਤਰ, ਪੰਜਾਬ, ਚੰਡੀਗੜ੍ਹ।
5. ਮੈਨੇਜਿੰਗ ਡਾਇਰੈਕਟਰ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਲਿਮ:, ਚੰਡੀਗੜ੍ਹ।

ਦਫਤਰ ਲਘੂ ਉਦਯੋਗ ਨਿਰਯਾਤ ਨਿਗਮ ਲਿਮ:
ਡਾਇਰੀ ਨੰ: 2585
ਮਿਤੀ 12/3/13

ਸੁਪਰਡੰਟ

ਇਸ ਦਾ ਇੱਕ ਉਤਾਰਾ ਸੰਯੁਕਤ ਸਕੱਤਰ, ਵਿੱਤ (ਵਿੱਤ ਖਰਚਾ-5 ਸ਼ਾਖਾ) ਨੂੰ ਉਨ੍ਹਾਂ ਦੇ ਅੰ:ਵਿ:ਪੱ: ਨੰ: 2/5/2012-3ਵਿਖ5/130, ਮਿਤੀ 26.2.2013 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ,
ਸੰਯੁਕਤ ਸਕੱਤਰ ਵਿੱਤ,
ਵਿੱਤ ਵਿਭਾਗ ਵਿਭਾਗ,
ਪੰਜਾਬ ਸਿਵਲ ਸਕੱਤਰੇਤ, ਪੰਜਾਬ, ਚੰਡੀਗੜ੍ਹ।

ਮਿਤੀ:

ਅੰ:ਵਿ:ਪੱ: ਨੰ: 1/2/2012-ਏ.ਐਸ.5